# ਮੇਰੇ ਕਾਵਿ-ਨਾਟਕ-5

## ਲੇਖਕ: ਰਵਿੰਦਰ ਰਵੀ - ਪ੍ਰਕਾਸ਼ਕ: ਨੈਸ਼ਨਲ ਬੁਕ ਸ਼ਾਪ, ਦਿੱਲੀ

## ਮੁੱਲ: 750 - ਸਫੇ: 520 - ਸੰਪਰਕ: 011 45555610

"ਮੇਰੇ ਕਾਵਿ-ਨਾਟਕ-5, ਸੈਂਚੀ ਪੰਜਵੀਂ", ਰਵਿੰਦਰ ਰਵੀ ਦੇ ਨਾਟਕਾਂ ਦੀ ਪੁਸਤਕ ਹੈ, ਜਿਸ ਵਿੱਚ ਲੇਖਕ ਨੇ ਆਪਣੀਆਂ ਤਿੰਨ ਨਾਟ-ਪੁਸਤਕਾਂ ਵਿੱਚ ਛਪੇ, ਆਪਣੇ ਚਾਰ ਨਾਟਕ, "ਆਪੋ ਆਪਣੇ ਦਰਿਆ", "ਹੋਂਦ ਨਿਹੋਂਦ" ਅਤੇ "ਪਰਤੱਖ ਤੋਂ ਅਗਾਂਹ"( ਜਿਸ ਵਿੱਚ 2 ਨਾਟਕ: "ਭਰਮ-ਜਲ" ਤੇ "ਸਿਆਸੀ ਦੰਦ-ਕਥਾ" ਦਿੱਤੇ ਗਏ ਹਨ) ਸ਼ਾਮਿਲ ਕੀਤੇ ਹਨ।

ਇਹ ਨਾਟਕ ਭਾਰਤ ਦੇ ਰੰਗਕਰਮੀਆਂ ਵਲੋਂ ਬਹੁਤ ਹੀ ਸਫਲਤਾ ਸਹਿਤ ਭਾਰਤ ਵਿੱਚ ਖੇਡੇ ਜਾ ਚੁੱਕੇ ਹਨ। ਇਨ੍ਹਾਂ ਨਾਟਕਾਂ ਦੇ ਪੜ੍ਹਨ ਉਪ੍ਰੰਤ ਇਹ ਗੱਲ ਸਾਮ੍ਹਣੇ ਆਉਂਦੀ ਹੈ ਕਿ ਰਵਿੰਦਰ ਰਵੀ ਆਧੁਨਿਕ ਯੁੱਗ-ਚੇਤਨਾ ਦਾ ਲੇਖਕ ਹੈ। ਉਸਦੀਆਂ ਕਵਿਤਾਵਾਂ, ਕਹਾਣੀਆਂ ਤੇ ਨਾਟਕਾਂ ਵਿੱਚ ਉਸਦੀ ਇਸ ਉੱਤਰ-ਆਧੁਨਿਕ ਚੇਤਨਾ ਦੇ ਝਲਕਾਰੇ ਮਿਲਦੇ ਹਨ।

"ਆਪੋ ਆਪਣੇ ਦਰਿਆ" ਵਿੱਚ ਲੇਖਕ ਆਧੁਨਿਕ ਜੀਵਨ ਦੇ ਜੱਟਿਲ ਵਰਤਾਰਿਆਂ ਤੇ ਵਿਸੰਗਤੀਆਂ ਨੂੰ ਆਪਣੇ ਨਾਟਕ ਵਿੱਚ ਪੇਸ਼ ਕਰਦਾ ਹੈ। ਇਹ ਨਾਟਕ ਅਜੋਕੇ ਜੀਵਨ ਵਿੱਚ ਵਿਚਰ ਰਹੇ ਮਨੁੱਖ ਦੇ ਜੀਵਨ ਸੱਚ ਨੂੰ ਆਪਣੇ ਵਸਤੂ ਵਜੋਂ ਪੇਸ਼ ਕਰਦਾ ਹੈ। ਟੁੱਟ ਰਹੇ ਪਰਵਾਰਾਂ ਵਿਚਲੇ ਤਿੜਕਦੇ ਮਾਨਵੀ ਰਿਸ਼ਤਿਆਂ, ਨੈਤਿਕ ਮੁੱਲਾਂ ਵਿੱਚ ਟਕਰਾਅ, ਅਜੋਕੀ ਜੀਵਨ-ਸ਼ੈਲੀ, ਧਰਮ ਆਦਿ ਦੇ ਸੰਕਟ, ਇਸ ਨਾਟਕ ਵਿੱਚ ਦੇਖਣ ਨੂੰ ਮਿਲਦੇ ਹਨ। ਇਸੇ ਤਰ੍ਹਾਂ "ਹੋਂਦ ਨਿਹੋਂਦ" ਵਿੱਚ ਲੇਖਕ ਨੇ ਆਧੁਨਿਕ ਮਾਨਵ ਦੇ ਅਸਤਿਤਵੀ ਸੰਕਟਾਂ ਨੂੰ ਆਪਣੇ ਨਾਟਕ ਦੇ ਮੂਲ ਵਿਸ਼ੇ ਵਜੋਂ ਚਿਤਰਿਆ ਹੈ।ਅਜੋਕਾ ਮਾਨਵ ਆਪਣੀ ਹੋਂਦ ਦੀ ਤਲਾਸ਼ ਵਿੱਚ ਭਟਕ ਰਿਹਾ ਹੈ ਪਰ ਉਸਨੂੰ ਕਿਧਰੇ ਵੀ ਸਕੂਨ ਪ੍ਰਾਪਤ ਨਹੀਂ ਹੋ ਰਿਹਾ:

ਬਾਹਰ ਵੀ ਤੁਰਿਆ ਨਹੀਂ ਜਾਂਦਾ

ਅੰਦਰ ਵੀ ਮੁੜਿਆ ਨਹੀਂ ਜਾਂਦਾ

ਇਸ ਹੋਂਦ ਨਿਹੋਂਦ ਦੀ ਟੱਕਰ ਵਿੱਚ

ਇਹ ਕੈਸੀ ਰੁੱਤ ਖਲਾਈ ਹੈ?

ਖਲਾਅ ਵਿੱਚ ਭਟਕਦੇ ਇਸ ਨਾਟਕ ਦੇ ਪਾਤਰ ਆਪਣੇ ਅਸਤਿੱਤਵ ਦੀ ਤਲਾਸ਼ ਵਿੱਚ ਅਜੋਕੇ ਯੁੱਗ ਚਿੰਤਕਾਂ ਦੀ ਦ੍ਰਿਸ਼ਟੀ ਦੇ ਪਰਿਪੇਖ ਵਿੱਚ ਮਾਨਵ ਜਾਤੀ ਨੂੰ ਸਮਝਣ ਦਾ ਉਪਰਾਲਾ ਕਰਦੇ ਹਨ। ਇਸੇ ਤਰ੍ਹਾਂ "ਭਰਮ-ਜਲ" ਨਾਟਕ ਔਰਤ-ਮਰਦ ਰਿਸ਼ਤਿਆਂ ਵਿਚਲੀਆਂ ਗੁੰਝਲਾਂ ਨੂੰ ਰੂਪਮਾਨ ਕਰਦਾ ਹੈ ਅਤੇ 'ਸਿਆਸੀ ਦੰਦ-ਕਥਾ" ਸੰਨ ਚੁਰਾਸੀ ਵਿੱਚ ਹੋਏ ਸਿੱਖ ਕਤਲੇਆਮ ਨੂੰ ਸਾਹਿਤਿਕ ਦ੍ਰਿਸ਼ਟੀ ਤੋਂ ਚਿਤਰਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਵਿੰਦਰ ਰਵੀ ਆਧੁਨਿਕ ਯੁੱਗ-ਚਿੰਤਨ ਦਾ ਲੇਖਕ ਹੈ। ਉਸ ਕੋਲ ਆਪਣੇ ਸਮਕਾਲੀਆਂ ਨਾਲੋਂ ਵੱਖਰੀ ਦ੍ਰਿਸ਼ਟੀ ਹੈ, ਜਿਸ ਰਾਹੀਂ ਸਮਕਾਲੀਨ ਸੰਕਟਾਂ ਨੂੰ ਫੜਦਾ, ਸਮਝਦਾ ਅਤੇ ਆਪਣੇ  ਨਾਟਕਾਂ ਵਿੱਚ ਬਿਆਨ ਕਰਦਾ ਹੈ। ਸਿਰਫ ਸਾਹਿਤਿਕ ਪੱਖ ਤੋਂ ਹੀ ਨਹੀਂ ਸਗੋਂ ਮੰਚਨ ਦੇ ਪੱਖ ਤੋਂ ਵੀ ਉਸਦੇ ਨਾਟਕ ਆਧੁਨਿਕ ਤਕਨੀਕਾਂ ਨੂੰ ਮੁੱਖ ਰੱਖਕੇ ਲਿਖੇ ਗਏ ਹਨ। ਰਵਿੰਦਰ ਰਵੀ ਦੇ ਨਾਟਕਾਂ ਨਾਲ ਪੰਜਾਬੀ ਨਾਟਕ ਵਿਸ਼ਵ ਚਿੰਤਨ ਨਾਲ ਆਪਣਾ ਨਾਤਾ ਜੋੜਦਾ ਹੈ, ਜਿਸ ਲਈ ਲੇਖਕ ਵਧਾਈ ਦਾ ਹੱਕਦਾਰ ਹੈ।


ਡਾ. ਅਮਰਜੀਤ ਕੌਂਕੇ



"ਅਜੀਤ", ਜਲੰਧਰ, ਭਾਰਤ - ਦਸੰਬਰ 19, 2020